Punjab Government Gazette

EXTRAORDINARY

Published by Authority

CHANDIGARH, MONDAY, FEBRUARY 23, 2026 (PHALGUNA 4, 1947 SAKA)

ਪੰਜਾਬ ਸਰਕਾਰ

ਸਕੂਲ ਸਿੱਖਿਆ ਵਿਭਾਗ

(ਸਿੱਖਿਆ-4 ਸ਼ਾਖਾ)

ਨੋਟੀਫਿਕੇਸ਼ਨ

ਮਿਤੀ 28 ਜਨਵਰੀ, 2026

No. SED-EDU401/9/2026-2EDU4/I/1301773/2026.- ਜਿਵੇਂ ਕਿ ਸਰਕਾਰ ਦੀ ਨੋਟੀਫਿਕੇਸ਼ਨ ਨੰ. G.S.R.163-164/Const./Art.309/Amd.(4)/2025 ਮਿਤੀ 12-09-2025; G.S.R.196-197/Const./Art.309/Amd.(5)/2025 ਮਿਤੀ 17-12-2025 ਅਤੇ G.S.R.198-199/Const./Art.309/Amd.(3)/2025 ਮਿਤੀ 18-12-2025 ਰਾਹੀਂ ਸਿੱਖਿਆ ਵਿਭਾਗ ਦੇ ਡਿਪਟੀ **ਡੀ.ਈ.ਓ/ਪ੍ਰਿੰਸੀਪਲ, ਹੈੱਡਮਾਸਟਰ/ਹੈੱਡਮਿਸਟ੍ਰੈਸ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ** ਕਾਡਰ ਦੇ ਨਿਯਮਾਂ ਦੀ ਬਣਤਰ ਕੀਤੀ ਗਈ ਹੈ। ਇਨ੍ਹਾਂ ਨਿਯਮਾਂ ਦੇ ਰੂਲ 7 ਵਿਭਾਗੀ ਪ੍ਰੀਖਿਆ ਦਾ ਉਪਬੰਧ ਕੀਤਾ ਗਿਆ ਹੈ। ਇਸ ਵਿਭਾਗੀ ਪ੍ਰੀਖਿਆ ਸਬੰਧੀ ਰੂਪ-ਰੇਖਾ ਹੇਠਾਂ ਦਰਜ ਅਨੁਸਾਰ ਨਿਰਧਾਰਤ ਕੀਤੀ ਜਾਂਦੀ ਹੈ:-

(i) ਸਕੂਲ ਸਿੱਖਿਆ ਵਿਭਾਗ ਵਿੱਚ ਨਿਯੁਕਤ ਹੋਣ ਵਾਲੇ ਡਿਪਟੀ **ਡੀ.ਈ.ਓ./ਪ੍ਰਿੰਸੀਪਲ, ਹੈੱਡਮਾਸਟਰ/ਹੈਡਮਿਸਟ੍ਰੈਸ ਅਤੇ ਬੀ.ਪੀ.ਈ.ਓ. ਕਾਡਰ** ਦੇ ਹਰੇਕ ਪ੍ਰਾਰਥੀ ਨੂੰ ਵਿਭਾਗੀ ਪ੍ਰੀਖਿਆ ਪਾਸ ਕਰਨ ਦੇ ਕੁੱਲ 04 ਮੌਕੇ ਮਿਲਣਯੋਗ ਹੋਣਗੇ ਅਤੇ ਅਤੇ ਹਰੇਕ ਪ੍ਰਾਰਥੀ ਵੱਲੋਂ ਪੰਜਾਬ ਸਿਵਲ ਸੇਵਾਵਾਂ (ਆਮ ਤੇ ਸਾਂਝੀਆਂ ਸ਼ਰਤਾਂ) ਨਿਯਮਾਂਵਲੀ 1994 ਤਹਿਤ ਆਪਣੇ **ਪਰਖਕਾਲ ਸਮੇਂ ਦੌਰਾਨ (ਵਾਧੇ ਸਮੇਤ)** ਇਹ ਵਿਭਾਗੀ ਪ੍ਰੀਖਿਆ ਪਾਸ ਕਰਨੀ ਲਾਜ਼ਮੀ ਹੋਵੇਗੀ।

ਇਨ੍ਹਾਂ ਰੂਲਾਂ ਅਨੁਸਾਰ ਸਰਕਾਰ ਵੱਲੋਂ ਵਿਭਾਗੀ ਪ੍ਰੀਖਿਆ ਨਾ ਪਾਸ ਕਰਨ ਦੀ ਸੂਰਤ ਵਿੱਚ 3 ਸਾਲ ਤੱਕ ਪਰਖਕਾਲ ਸਮਾਂ ਵਧਾਇਆ ਜਾ ਸਕਦਾ ਹੈ। ਜੇਕਰ ਪ੍ਰਾਰਥੀ ਵੱਲੋਂ ਕੁੱਲ ਪਰਖਕਾਲ ਸਮੇਂ (3 ਸਾਲ) ਜਾਂ 4 ਮੌਕਿਆਂ ਵਿੱਚ ਇਹ ਪ੍ਰੀਖਿਆ ਪਾਸ ਨਹੀਂ ਕੀਤੀ ਜਾਂਦੀ ਹੈ ਤਾਂ ਉਸ ਨੂੰ ਤਾਂ ਸਰਕਾਰ ਵੱਲੋਂ ਪੰਜਾਬ ਸਿਵਲ ਸੇਵਾਵਾਂ (ਆਮ ਤੇ ਸਾਂਝੀਆਂ ਸ਼ਰਤਾਂ) ਨਿਯਮਾਂਵਲੀ 1994 ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

(ii) ਜੇਕਰ ਕੋਈ ਪ੍ਰਾਰਥੀ ਅਪਲਾਈ ਕਰਨ ਉਪਰੰਤ ਕਿਸੇ ਨਾ-ਟਾਲਣਯੋਗ ਕਾਰਨਾਂ ਕਰਕੇ ਵਿਭਾਗੀ ਪ੍ਰੀਖਿਆ ਵਿੱਚ ਅਪੀਅਰ ਨਹੀਂ ਹੁੰਦਾ ਹੈ ਤਾਂ ਅਜਿਹੀ ਸੂਰਤ ਵਿੱਚ ਉਸ ਦਾ ਮੌਕਾ ਲੈਪਸ ਹੋਣ ਜਾਂ ਨਾ ਮੰਨਣ ਸਬੰਧੀ ਫੈਸਲਾ ਸਰਕਾਰ ਵੱਲੋਂ ਵਿਚਾਰਿਆ ਜਾਵੇਗਾ।

(iii) ਇਹ ਵਿਭਾਗੀ ਪ੍ਰੀਖਿਆ 100 ਅੰਕਾਂ ਦੀ ਹੋਵੇਗੀ, ਜਿਸ ਵਿੱਚੋਂ ਪ੍ਰਾਰਥੀ ਵੱਲੋਂ 33 ਅੰਕ ਲੈਣੇ ਲਾਜ਼ਮੀ ਹਨ। ਇਸ ਪ੍ਰੀਖਿਆ ਦਾ ਸਮਾਂ 2 ਘੰਟੇ ਦਾ ਹੋਵੇਗਾ। ਇਸ ਪ੍ਰੀਖਿਆ ਵਿੱਚ ਪ੍ਰਸ਼ਨ Objective ਦੇ ਹੋਣਗੇ ਅਤੇ ਇਸ ਪ੍ਰੀਖਿਆ ਵਿੱਚ ਕੋਈ Negative Marking ਨਹੀਂ ਹੋਵੇਗੀ।

(iv) ਇਸ ਵਿਭਾਗੀ ਪ੍ਰੀਖਿਆ ਦਾ ਵਿਸਥਾਰਿਤ ਸਿਲੇਬਸ ਦਫ. ਐਸ.ਸੀ.ਈ.ਆਰ.ਟੀ., ਪੰਜਾਬ ਵੱਲੋਂ ਨਿਰਧਾਰਿਤ ਕੀਤਾ ਜਾਵੇਗਾ।

(v) ਇਹ ਪ੍ਰੀਖਿਆ ਕੰਡਕਟ ਕਰਵਾਉਣ ਦੀ ਜਿੰਮੇਵਾਰੀ ਦਫ. ਡਾਇਰੈਕਟਰ, ਸਕੂਲ ਸਿੱਖਿਆ (ਸੈ.), ਪੰਜਾਬ ਦੀ ਹੋਵੇਗੀ। ਇਸ ਦਫਤਰ ਵੱਲੋਂ ਇਸ ਪ੍ਰੀਖਿਆ ਲਈ ਪ੍ਰਾਰਥੀਆਂ ਤੋਂ MIS Wing ਦੀ ਮਦਦ ਨਾਲ ਆਨਲਾਈਨ ਅਪਲਾਈ ਕਰਵਾਇਆ ਜਾਵੇਗਾ। ਇਸ ਪ੍ਰੀਖਿਆ ਦੇ ਪੇਪਰ ਸੈੱਟ ਕਰਨ, ਪੇਪਰ ਚੈਕ ਕਰਨ ਅਤੇ ਪ੍ਰੀਖਿਆ ਕੰਡਕਟ ਕਰਵਾਉਣ ਲਈ ਸਰਕਾਰ ਵੱਲੋਂ ਵਿਸ਼ੇਸ਼ ਤੌਰ ਤੇ ਸ਼ਰਤਾਂ/ਬਾਨ੍ਹਾਂ ਸਹਿਤ ਡਿਊਟੀਆਂ ਲਗਾਈਆਂ ਜਾਣਗੀਆਂ।

(vi) ਇਸ ਪ੍ਰੀਖਿਆ ਲਈ ਸਮੁੱਚੀ ਸਟੇਸ਼ਨਰੀ, ਹੋਰ ਸੰਸਾਧਨਾਂ ਦੇ ਪ੍ਰਬੰਧ ਅਤੇ ਇਸ ਦੇ ਖਰਚੇ ਲਈ ਦਫ. ਡੀ.ਐਸ.ਈ. (ਸੈ.), ਪੰਜਾਬ ਵੱਲੋਂ ਉਚਿਤ ਬਜਟ ਹੈੱਡ ਖੁਲਵਾਉਂਦੇ ਹੋਏ, ਉਸ ਵਿੱਚ ਹਰ ਵਿੱਤੀ ਸਾਲ ਦੌਰਾਨ ਲੋੜੀਂਦਾ ਬਜਟ ਉਪਬੰਧ ਕਰਵਾਇਆ ਜਾਵੇਗਾ।

(vii) ਇਸ ਵਿਭਾਗੀ ਪ੍ਰੀਖਿਆ ਸਬੰਧੀ ਬਾਕੀ ਸ਼ਰਤਾਂ ਅਤੇ ਬਾਨ੍ਹਾਂ, ਜੇਕਰ ਕੋਈ ਹੋਣ ਤਾਂ ਸਰਕਾਰ ਵੱਲੋਂ, ਵਿਭਾਗੀ ਜਰੂਰਤਾਂ ਦੇ ਮੱਦੇਨਜ਼ਰ ਉਨ੍ਹਾਂ ਨੂੰ ਬਾਅਦ ਵਿੱਚ ਨਿਰਧਾਰਿਤ ਕੀਤਾ ਜਾ ਸਕਦਾ ਹੈ।

2.0 ਇਹ ਨੋਟੀਫਿਕੇਸ਼ਨ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀ ਜਾਂਦੀ ਹੈ।

ਸੋਨਾਲੀ ਗਿਰਿ,
ਸਕੱਤਰ, ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ।

ਚੰਡੀਗੜ੍ਹ
ਮਿਤੀ 26 ਜਨਵਰੀ, 2026

3644/2-2026/Pb. Govt. Press, S.A.S. Nagar